# Media Release

ਤੁਰੰਤ ਰਿਲੀਜ ਲਈ

15 ਅਗਸਤ, 2019

## ਪਬਲਿਕ ਟ੍ਰਾਂਜ਼ਿਟ ਕੈਲੇਡਨ – ਮੇਫੀਲਡ ਵੈਸਟ ਵਿੱਚ ਆ ਰਿਹਾ ਹੈ

---

ਟਾਊਨ ਆਫ ਕੈਲੇਡਨ (Town of Caledon) ਅਤੇ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਨੇ 3 ਸਤੰਬਰ, 2019 ਤੋਂ ਸ਼ੁਰੂ ਕਰਦੇ ਹੋਏ, ਮੇਫੀਲਡ ਵੈਸਟ (Mayfield West) ਖੇਤਰ ਵਿੱਚ ਨਵੀਂ ਟ੍ਰਾਂਜ਼ਿਟ ਲਾਈਨ ਪੇਸ਼ ਕਰਨ ਲਈ ਸਾਂਝੇਦਾਰੀ ਕੀਤੀ ਹੈ। ਰੂਟ 81 - ਮੇਫੀਲਡ ਵੈਸਟ (Route 81 – Mayfield West) ਦੇ ਵਿਸਤਾਰ ਵਿੱਚ, ਵੱਧ ਸਵਾਰੀਆਂ ਵਾਲੇ ਸਮੇਂ (ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 6 ਵਜੇ ਤੋਂ 9 ਵਜੇ ਤੱਕ ਅਤੇ ਦੁਪਹਿਰ ਬਾਅਦ 3 ਵਜੇ ਤੋਂ ਸ਼ਾਮ 6 ਵਜੇ ਤੱਕ) ਦੇ ਦੌਰਾਨ ਚੱਲਣ ਵਾਲੀ ਸੇਵਾ ਦੇ ਨਾਲ ਕੈਨੇਡੀ ਰੋਡ (Kennedy Road) ਦੇ ਨਾਲ-ਨਾਲ 11 ਨਵੇਂ ਬੱਸ ਸਟੌਪ ਸ਼ਾਮਲ ਕੀਤੇ ਜਾਣਗੇ।

ਮੇਅਰ ਅਲਾਨ ਥੌਂਪਸਨ (Allan Thompson) ਨੇ ਕਿਹਾ, "ਕੈਲੇਡਨ ਵਿੱਚ ਪਬਲਿਕ ਟ੍ਰਾਂਜ਼ਿਟ ਦੇ ਲਈ ਅਸੀਂ ਲੰਮੇ ਸਮੇਂ ਤੋਂ ਕੰਮ ਕਰ ਰਹੇ ਹਾਂ ਅਤੇ ਹੁਣ ਇਹ ਬਣ ਗਿਆ ਹੈ।" ਉਹਨਾਂ ਨੇ ਅੱਗੇ ਕਿਹਾ, "ਇਹ ਨਾ ਸਿਰਫ਼ ਟ੍ਰੈਫਿਕ ਦੀ ਭੀੜ ਨੂੰ ਖ਼ਤਮ ਕਰੇਗਾ, ਬਲਕਿ ਇਹ ਵਾਤਾਵਰਣ ਲਈ ਵੀ ਵਧੀਆ ਹੈ। ਸੇਵਾਵਾਂ ਅਤੇ ਰੂਟਾਂ ਦਾ ਵਿਸਤਾਰ ਇਸ ਪਹਿਲੇ ਫੇਜ ਦੇ ਨਤੀਜਿਆਂ ਦੇ ਆਧਾਰ ਤੇ ਹੋਵੇਗਾ, ਜਿਸਦਾ ਮਤਲਬ ਹੈ ਕਿ ਟ੍ਰਾਂਜ਼ਿਟ, ਟਾਊਨ ਲਈ ਲਗਾਤਾਰ ਤਰਜੀਹ ਬਣਿਆ ਰਹੇਗਾ।"

ਟਾਊਨ ਪੂਰੇ ਕੈਲੇਡਨ ਵਿੱਚ ਅਜਿਹੇ ਵਾਧੂ ਪਬਲਿਕ ਟ੍ਰਾਂਜ਼ਿਟ ਦੀ ਪੜਤਾਲ ਕਰਨਾ ਜਾਰੀ ਰੱਖੇਗਾ, ਜੋ ਲਾਗਤ-ਪ੍ਰਭਾਵੀ, ਵਾਤਾਵਰਣ ਦੇ ਸਬੰਧ ਵਿੱਚ ਸਥਿਰ ਅਤੇ ਨਿਵਾਸੀਆਂ ਲਈ ਸਹੂਲਤ ਭਰਿਆ ਹੋਵੇ, ਜਿਵੇਂ ਕਿ ਟਾਊਨ ਦੇ ਟ੍ਰਾਂਜ਼ਿਟ ਫੀਜੀਬਿਲਿਟੀ ਅਧਿਐਨ (Transit Feasibility Study) ਵਿੱਚ ਵਰਣਨ ਕੀਤਾ ਗਿਆ ਹੈ। ਅਧਿਐਨ ਦੋ ਸਾਲਾਂ ਦੀ ਮਿਆਦ ਵਿੱਚ ਕੀਤਾ ਗਿਆ ਸੀ ਅਤੇ ਇਸ ਵਿੱਚ ਨਿਵਾਸੀਆਂ, ਸਾਂਝੇਦਾਰਾਂ, ਏਜੰਸੀਆਂ ਅਤੇ ਰੈਗੁਲੇਟਰੀ ਸੰਸਥਾਵਾਂ ਦੇ ਨਾਲ ਵਿਆਪਕ ਸਰਵੇਖਣ ਕਰਨਾ, ਵਿਚਾਰ-ਵਟਾਂਦਰੇ ਅਤੇ ਪੇਸ਼ਕਾਰੀਆਂ ਸ਼ਾਮਲ ਸਨ। ਅਗਲਾ ਚਰਨ ਇਸ ਸਾਲ ਦੇ ਅੰਤ ਵਿੱਚ ਬੋਲਟਨ (Bolton) ਵਿੱਚ ਇੱਕ ਟ੍ਰਾਂਜ਼ਿਟ ਲਾਈਨ ਪੇਸ਼ ਕਰੇਗਾ।

ਬੱਸ ਦੇ ਨਾਲ-ਨਾਲ ਕਿਰਾਏ, ਸਮਾਂ ਸੂਚੀਆਂ ਅਤੇ ਸਮਾਂ ਸਾਰਣੀਆਂ ਬ੍ਰੈਂਪਟਨ ਟ੍ਰਾਂਜ਼ਿਟ ਵੱਲੋਂ ਸੰਚਾਲਿਤ ਕੀਤੀਆਂ ਜਾਣਗੀਆਂ। ਰੂਟ 81 - ਮੇਫੀਲਡ ਵੈਸਟ ਬਾਰੇ ਹੋਰ ਜਾਣੋ: caledon.ca/transit

- 30 –

ਮੀਡੀਆ ਸੰਪਰਕ:
ਸਟ੍ਰੈਟਜਿਕ ਇਨਸ਼ੀਏਟਿਵਸ (Strategic Initiatives) | ਕਮਿਊਨਿਕੇਸ਼ਨਸ (Communications) | 905.584.2272 |
communications@caledon.ca

---